Paragon Asra
PA Housing

# ਤੁਹਾਡੇ
# ਸੇਵਾ ਖਰਚਿਆਂ ਨੂੰ ਸਮਝਣਾ 2024/2025

ਫਰਵਰੀ ਦੇ ਅੰਤ 'ਤੇ, ਅਸੀਂ ਤੁਹਾਨੂੰ ਆਉਣ ਵਾਲੇ ਸਾਲ ਲਈ ਤੁਹਾਡੇ ਨਵੇਂ ਸੇਵਾ ਖਰਚੇ ਬਾਰੇ ਜਾਣਕਾਰੀ ਦੇਣ ਲਈ ਪੱਤਰ ਲਿਖਾਂਗੇ। ਤੁਹਾਡਾ ਖਰਚਾ ਸਾਡੇ ਵਲੋਂ ਪੂਰੇ ਸਾਲ ਦੀਆਂ ਲਾਗਤਾਂ ਦੇ ਸਭ ਤੋਂ ਵਧੀਆ ਅਨੁਮਾਨ 'ਤੇ ਨਿਰਭਰ ਕਰਦਾ ਹੈ ਅਤੇ ਤੁਹਾਡੀ ਕਾਗਜ਼ੀ-ਕਾਰਵਾਈ ਵਿੱਚ ਸਾਡੇ ਵਲੋਂ ਪ੍ਰਦਾਨ ਕੀਤੀ ਹਰ ਸੇਵਾ ਲਈ ਤੁਹਾਡੇ ਖਰਚੇ ਦੀ ਵੰਡ ਸ਼ਾਮਲ ਹੋਵੇਗੀ।

ਅਸੀਂ ਤੁਹਾਨੂੰ ਸੇਵਾਵਾਂ ਬਾਰੇ ਜਿਸ ਤਰੀਕੇ ਨਾਲ ਖਰਚਾ ਪਾਉਂਦੇ ਹਾਂ, ਇਸ ਬਾਰੇ ਇੱਕਸਾਰ ਹੋਣਾ ਚਾਹੁੰਦੇ ਹਾਂ, ਪਰ ਸਮੱਗਰੀ ਅਤੇ ਮਜ਼ਦੂਰੀ ਜ਼ਿਹੀਆਂ ਚੀਜ਼ਾਂ ਦੀ ਲਾਗਤ ਵੱਧ ਜਾਂਦੀ ਹੈ, ਇਸ ਨਾਲ ਕੁਦਰਤੀ ਤੌਰ 'ਤੇ ਅਜਿਹੀਆਂ ਸੇਵਾਵਾਂ ਦੀ ਲਾਗਤ ਵੱਧ ਜਾਂਦੀ ਹੈ ਜਿਹਨਾਂ ਲਈ ਅਸੀਂ ਭੁਗਤਾਨ ਕਰਦੇ ਹਾਂ। ਬਿਜਲੀ ਦੀਆਂ ਲਾਗਤਾਂ ਬਾਰੇ ਥੋੜ੍ਹੀ ਚੰਗੀ ਖ਼ਬਰ ਆਈ ਹੈ, ਭਾਵੇਂ ਕਿ ਪਿਛਲੇ ਸਾਲ ਤੋਂ ਥੋਕ ਦੀਆਂ ਕੀਮਤਾਂ ਘੱਟ ਗਈਆਂ ਹਨ।

ਤੁਹਾਡੇ ਵਲੋਂ ਫਰਵਰੀ ਵਿੱਚ ਤੁਹਾਡਾ ਨਵਾਂ ਖਰਚਾ ਪ੍ਰਾਪਤ ਕਰਨ ਤੋਂ ਪਹਿਲਾਂ, ਅਸੀਂ ਸੋਚਿਆ ਕਿ ਅਜਿਹੇ ਕੁਝ ਬਦਲਾਵਾਂ 'ਤੇ ਨਜ਼ਰ ਮਾਰਨਾ ਲਾਭਕਾਰੀ ਹੋਵੇਗਾ ਜੋ 2024/2025 ਲਈ ਤੁਹਾਡੇ ਖਰਚੇ ਨੂੰ ਪ੍ਰਭਾਵਿਤ ਕਰਨਗੇ। ਇਹ ਯਾਦ ਰੱਖਣਾ ਬਹੁਤ ਜ਼ਰੂਰੀ ਹੈ ਕਿ ਇਹਨਾਂ ਵਿੱਚੋਂ ਹਰ ਖੇਤਰ ਦਾ ਵੱਖਰਾ ਅਸਰ ਹੋਵੇਗਾ ਜੋ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੱਥੇ ਰਹਿੰਦੇ ਹੋ ਅਤੇ ਤੁਸੀਂ ਕਿਹੜੀਆਂ ਸੇਵਾਵਾਂ ਪ੍ਰਾਪਤ ਕਰਦੇ ਹੋ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

### ਮੇਰਾ ਸੇਵਾ ਖਰਚੇ ਵਿਚ ਕੀ ਸ਼ਾਮਲ ਹੈ?

ਤੁਸੀਂ ਜਿਸ ਕਿਸਮ ਦੇ ਘਰ ਵਿੱਚ ਰਹਿੰਦੇ ਹੋ, ਇਸ 'ਤੇ ਨਿਰਭਰ ਕਰਦਿਆਂ ਤੁਹਾਨੂੰ ਸੇਵਾ ਖਰਚੇ ਦਾ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ।

ਸੇਵਾ ਖਰਚੇ  ਤੁਹਾਡੀ ਰਿਹਾਇਸ਼ੀ ਥਾਂ 'ਤੇ ਜਨਤਕ ਸੇਵਾਵਾਂ ਪ੍ਰਦਾਨ ਕਰਨ ਦੀਆਂ ਲਾਗਤਾਂ ਨੂੰ ਪੂਰਾ ਕਰਨ ਲਈ ਤੁਹਾਡੇ ਦੁਆਰਾ ਕੀਤੇ ਗਏ ਭੁਗਤਾਨ ਹੁੰਦੇ ਹਨ।

ਜੇ ਤੁਸੀਂ ਘਰ ਕਿਰਾਏ 'ਤੇ ਲੈਂਦੇ ਹੋ, ਤਾਂ ਖਰਚੇ ਵਿੱਚ ਇਹੋ ਜਿਹੀਆਂ ਚੀਜ਼ਾਂ ਦੀ ਲਾਗਤ ਸ਼ਾਮਲ ਹੁੰਦੀ ਹੈ:

- ਗ੍ਰਾਉਂਡ ਦਾ ਰੱਖ-ਰਖਾਅ
- ਜਨਤਕ ਖੇਤਰਾਂ ਦੀ ਸਾਫ-ਸਫ਼ਾਈ
- ਜਨਤਕ ਖਿੜਕੀਆਂ ਦੀ ਸਾਫ-ਸਫ਼ਾਈ
- ਲਿਫ਼ਟਾਂ, ਡੋਰ ਐਂਟ੍ਰੀ ਸਿਸਟਮ, ਫਾਯਰ ਅਲਾਰਮ ਸਿਸਟਮ, ਅਤੇ ਐਮਰਜੈਂਸੀ ਲਾਈਟਿੰਗ ਦਾ ਰੱਖ-ਰਖਾਅ
- ਜਨਤਕ ਬਿਜਲੀ, ਗੈਸ, ਅਤੇ ਪਾਣੀ
- ਹੋਰ ਸੇਵਾਵਾਂ ਜੋ ਤੁਹਾਡੇ ਸੇਵਾ ਖਰਚੇ ਦੇ ਅਨੁਮਾਨ 'ਤੇ ਸੂਚੀਬੱਧ ਹੋਣਗੀਆਂ।

ਕੁਝ ਮਾਮਲਿਆਂ ਵਿੱਚ, ਸਟਾਫ਼ ਦੀਆਂ ਲਾਗਤਾਂ ਵੀ ਹੋ ਸਕਦੀਆਂ ਹਨ, ਜਿਵੇਂ ਕਿ ਇੱਕ ਦੇਖਭਾਲਕਰਤਾ।

ਜਿਹੜੀਆਂ ਸੇਵਾਵਾਂ ਤੁਸੀਂ ਪ੍ਰਾਪਤ ਕਰਦੇ ਹੋ, ਉਸਦੀ ਪੂਰੀ ਸੂਚੀ ਉਸ ਜਾਣਕਾਰੀ ਵਿੱਚ ਸ਼ਾਮਲ ਕੀਤੀ ਜਾਵੇਗੀ ਜੋ ਅਸੀਂ ਤੁਹਾਨੂੰ ਹਰ ਸਾਲ ਭੇਜਦੇ ਹਾਂ।

ਜੇ ਤੁਸੀਂ ਘਰ ਦੇ ਮਾਲਕ ਹੋ, ਤਾਂ ਤੁਸੀਂ ਇਮਾਰਤ ਅਤੇ ਜਨਤਕ ਖੇਤਰਾਂ ਦੀ ਰੋਜ਼ਾਨਾ ਦੀਆਂ ਮੁਰੰਮਤਾਂ ਲਈ ਭੁਗਤਾਨ ਵੀ ਕਰੋਗੇ।

## ਬਦਲਣਹਾਰ ਸੇਵਾ ਖਰਚਾ ਕੀ ਹੈ?

ਹਰ ਵਿੱਤੀ ਸਾਲ ਦੀ ਸ਼ੁਰੂਆਤ 'ਤੇ, ਅਸੀਂ ਬਜਟ ਤੈਅ ਕਰਦੇ ਹਾਂ ਜੋ ਸਾਡੀਆਂ ਸੰਭਾਵੀ ਲਾਗਤਾਂ ਦਾ ਅਨੁਮਾਨ ਹੈ ਜੋ ਅਸੀਂ ਆਪਣੀਆਂ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਤੁਹਾਡੇ ਤੋਂ ਵਸੂਲਣਾ ਹੁੰਦਾ ਹੈ।

ਵਿੱਤੀ ਸਾਲ ਦੇ ਅੰਤ 'ਤੇ, ਅਸੀਂ ਬਜਟ ਦੇ ਨਾਲ ਵਾਸਤਵਿਕ ਲਾਗਤਾਂ ਦੀ ਪੜਚੋਲ ਕਰਦੇ ਹਾਂ ਅਤੇ ਤੁਹਾਨੂੰ ਸਾਲ ਦੇ ਅੰਤ ਵਾਲੀ ਸਟੇਟਮੈਂਟ ਪ੍ਰਦਾਨ ਕਰਦੇ ਹਾਂ। ਇਹ ਅਕਸਰ ਹਰ ਸਾਲ ਸਤੰਬਰ ਦੇ ਅੰਤ 'ਤੇ ਜਾਰੀ ਕੀਤੀ ਜਾਂਦੀ ਹੈ।

ਕੋਈ ਵੀ ਘੱਟ ਭੁਗਤਾਨ, ਜਿਸ ਨੂੰ ਪੂੰਜੀ ਵਿੱਚ ਘਾਟੇ ਵਜੋਂ ਜਾਣਿਆ ਜਾਂਦਾ ਹੈ, ਤੁਹਾਡੇ ਖਾਤੇ ਤੋਂ ਵਸੂਲਿਆ ਜਾਂਦਾ ਹੈ। ਕੋਈ ਵੀ ਜ਼ਿਆਦਾ ਭੁਗਤਾਨ, ਜਿਸ ਨੂੰ ਪੂੰਜੀ ਵਿੱਚ ਵਾਧੇ ਵਜੋਂ ਜਾਣਿਆ ਜਾਂਦਾ ਹੈ, ਤੁਹਾਡੇ ਖਾਤੇ ਵਿੱਚ ਜੋੜਿਆ ਜਾਂਦਾ ਹੈ।

ਤੁਹਾਡੇ ਕੋਲ ਸੇਵਾ ਖਰਚੇ ਦੀ ਬਦਲਣਹਾਰ ਰਕਮ ਨੂੰ ਚੁਣੌਤੀ ਦੇਣ ਦਾ ਅਧਿਕਾਰ ਹੈ, ਜੋ ਨਿਰਭਰ ਕਰਦਾ ਹੈ ਕਿ ਤੁਹਾਡੇ ਵਿਚਾਰ ਵਿੱਚ ਖਰਚਾ ਮੁਨਾਸਬ ਹੈ ਜਾਂ ਨਹੀਂ, ਜਾਂ ਤੁਹਾਡੇ ਵਲੋਂ ਪ੍ਰਾਪਤ ਕੀਤੀ ਸੇਵਾ ਦੀ ਗੁਣਵੱਤਾ 'ਤੇ ਨਿਰਭਰ ਕਰਦਾ ਹੈ। ਇਹ ਕਿਵੇਂ ਕਰਨਾ ਹੈ, ਇਸ ਬਾਰੇ ਜਾਣਕਾਰੀ ਤੁਹਾਡੇ ਸੂਚਨਾ ਪੱਤਰ ਵਿੱਚ ਸ਼ਾਮਲ ਕੀਤੀ ਜਾਂਦੀ ਹੈ।

## ਨਿਸ਼ਚਿਤ ਸੇਵਾ ਖਰਚਾ ਕੀ ਹੈ?

ਹਰ ਵਿੱਤੀ ਸਾਲ ਦੀ ਸ਼ੁਰੂਆਤ 'ਤੇ, ਅਸੀਂ ਬਜਟ ਤੈਅ ਕਰਦੇ ਹਾਂ ਜੋ ਸਾਡੀਆਂ ਸੰਭਾਵੀ ਲਾਗਤਾਂ ਦਾ ਅਨੁਮਾਨ ਹੈ ਜੋ ਅਸੀਂ ਆਪਣੀਆਂ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਤੁਹਾਡੇ ਤੋਂ ਵਸੂਲਣਾ ਹੁੰਦਾ ਹੈ।

ਹਰ ਸਾਲ ਦੇ ਅੰਤ 'ਤੇ ਜੇ ਸੇਵਾਵਾਂ ਪ੍ਰਦਾਨ ਕਰਨ ਲਈ ਸਾਡੇ ਵਲੋਂ ਖਰਚ ਕੀਤੀ ਗਈ ਵਾਸਤਵਿਕ ਰਕਮ ਸਾਡੇ ਅਨੁਮਾਨ ਤੋਂ ਜ਼ਿਆਦਾ ਹੁੰਦੀ ਹੈ, ਤਾਂ ਅਸੀਂ ਇਸ ਅੰਤਰ ਲਈ ਜ਼ਿੰਮੇਵਾਰ ਹੋਵਾਂਗੇ। ਤੁਹਾਨੂੰ ਹੋਰ ਭੁਗਤਾਨ ਕਰਨ ਲਈ ਨਹੀਂ ਕਿਹਾ ਜਾਵੇਗਾ। ਜੇ ਅਸੀਂ ਆਪਣੇ ਅਨੁਮਾਨ ਤੋਂ ਘੱਟ ਖਰਚਾ ਕਰਦੇ ਹਾਂ, ਤਾਂ ਖਰਚਾ ਨਿਸ਼ਚਿਤ ਹੋਣ ਕਰਕੇ ਤੁਸੀਂ ਕੋਈ ਰੀਫੰਡ ਪ੍ਰਾਪਤ ਨਹੀਂ ਕਰੋਗੇ। ਅਸੀਂ ਤੁਹਾਨੂੰ ਸਾਲ ਦੇ ਅੰਤ 'ਤੇ ਕੋਈ ਸਟੇਟਮੈਂਟ ਪ੍ਰਦਾਨ ਨਹੀਂ ਕਰਦੇ ਹਾਂ ਕਿਉਂਕਿ ਖਰਚਾ ਨਿਸ਼ਚਿਤ ਹੈ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਂ ਨਿਸ਼ਚਿਤ ਸੇਵਾ ਖਰਚੇ ਦਾ ਭੁਗਤਾਨ ਕਰਦਾ/ਕਰਦੀ ਹਾਂ ਜਾਂ ਬਦਲਣਹਾਰ ਖਰਚੇ ਦਾ?

ਜੇ ਤੁਸੀਂ ਘਰ ਦੇ ਮਾਲਕ ਹੋ, ਤਾਂ ਤੁਸੀਂ ਬਦਲਣਹਾਰ ਸੇਵਾ ਖਰਚੇ ਦਾ ਭੁਗਤਾਨ ਕਰੋਗੇ, ਇਸ ਵਿੱਚ ਸ਼ਾਮਲ ਹੈ ਕਿ ਤੁਸੀਂ ਸਾਂਝੀ ਮਾਲਕੀ ਦੇ ਦੁਆਰਾ ਆਪਣੀ ਸੰਪੱਤੀ ਦਾ ਹਿੱਸਾ ਖਰੀਦਿਆ ਸੀ ਜਾਂ ਨਹੀਂ। ਬਦਲਣਹਾਰ ਖਰਚੇ ਦਾ ਭੁਗਤਾਨ ਕਰਨਾ ਤੁਹਾਡੇ ਲੀਜ਼ ਜਾਂ ਟ੍ਰਾਂਸਫਰ ਸਮਝੌਤੇ ਦੀਆਂ ਸ਼ਰਤਾਂ ਵਿੱਚ ਸ਼ਾਮਲ ਹੁੰਦਾ ਹੈ ਅਤੇ ਇਸ ਦਾ ਆਧਾਰ ਤੈਅ ਕਰੇਗਾ ਕਿ ਅਸੀਂ ਤੁਹਾਨੂੰ ਖਰਚਾ ਕਿਵੇਂ ਪਾਉਂਦੇ ਹਾਂ।

ਜੇ ਤੁਸੀਂ ਘਰ ਕਿਰਾਏ 'ਤੇ ਲੈਂਦੇ ਹੋ, ਤਾਂ ਤੁਸੀਂ ਨਿਸ਼ਚਿਤ ਖਰਚੇ ਜਾਂ ਫੇਰ ਬਦਲਣਬਾਰ ਖਰਚੇ ਦਾ ਭੁਗਤਾਨ ਕਰ ਸਕਦੇ ਹੋ। ਅਕਸਰ, ਤੁਸੀਂ ਜਿੰਨੇ ਲੰਮੇ ਸਮੇਂ ਲਈ ਆਪਣੇ ਘਰ ਵਿੱਚ ਰਹਿ ਚੁੱਕੇ ਹੋ, ਇਸ ਗੱਲ ਦੀ ਉੱਨੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਕਿ ਤੁਸੀਂ ਬਦਲਣਹਾਰ ਖਰਚੇ ਦਾ ਭੁਗਤਾਨ ਕਰੋਗੇ। ਸਾਲ 2017 ਤੋਂ ਸਾਰੇ ਨਵੇਂ ਕਿਰਾਏਦਾਰੀ ਦੇ ਸਮਝੌਤੇ ਨਿਸ਼ਚਿਤ ਖਰਚੇ 'ਤੇ ਹੁੰਦੇ ਹਨ।

ਸਾਡੇ ਵਲੋਂ ਤੁਹਾਨੂੰ ਭੇਜੇ ਗਏ ਕਾਗਜ਼ ਇਹ ਸਪਸ਼ਟਤਾ ਨਾਲ ਦਿਖਾਉਣਗੇ ਕਿ ਤੁਹਾਡਾ ਖਰਚਾ ਨਿਸ਼ਚਿਤ ਹੈ ਜਾਂ ਬਦਲਣਹਾਰ।

## ਅਸੀਂ ਤੁਹਾਡੇ ਲਈ ਖਰਚਿਆਂ ਦਾ ਅੰਦਾਜ਼ਾ ਕਿਵੇਂ ਲਗਾਉਂਦੇ ਹਾਂ?

ਅਸੀਂ ਅਨੁਬੰਧ ਦੀਆਂ ਗਿਆਤ ਲਾਗਤਾਂ ਦਾ ਸੁਮੇਲ ਵਰਤਦੇ ਹਾਂ, ਉਦਾਹਰਨ ਲਈ, ਸਫ਼ਾਈ ਅਤੇ ਗ੍ਰਾਊਂਡ ਦੇ ਰੱਖ-ਰਖਾਅ ਅਨੁਬੰਧ, ਅਤੇ ਬਿਜਲੀ ਜਿਹੀਆਂ ਮੀਟਰ ਵਾਲੀਆਂ ਸੇਵਾਵਾਂ ਦੀਆਂ ਪੁਰਾਣੀਆਂ ਲਾਗਤਾਂ। ਕੁਝ ਅਨੁਬੰਧ ਮਹਿੰਗਾਈ ਦੀਆਂ ਦਰਾਂ ਨਾਲ ਜੁੜੇ ਹੋਣਗੇ ਜਿਵੇਂ ਕਿ ਪਰਚੂਨ ਅਤੇ ਉਪਭੋਗਤਾ ਕੀਮਤਾਂ ਦੇ ਇੰਡੈਕਸ, ਇਸ ਤਰ੍ਹਾਂ ਸਾਨੂੰ ਪਹਿਲਾਂ ਹੀ ਪਤਾ ਹੋਏਗਾ ਕਿ ਕਿੰਨੇ ਸਮੇਂ ਤਕ ਕਿੰਨੀਆਂ ਕੀਮਤਾਂ ਵਧਣਗੀਆਂ।

ਕੁਝ ਸੇਵਾਵਾਂ ਲਈ, ਸਾਨੂੰ ਇਹ ਅਨੁਮਾਨ ਲਗਾਉਣ ਦੀ ਲੋੜ ਹੁੰਦੀ ਹੈ ਕਿ ਉਸ ਸਾਲ ਕਿਹੜੀਆਂ ਸੇਵਾਵਾਂ ਦੀ ਲੋੜ ਹੋਵੇਗੀ। ਉਦਾਹਰਨ ਲਈ, ਸੜਕ 'ਤੇ ਗੈਰ-ਕਾਨੂੰਨੀ ਢੰਗ ਨਾਲ ਚੀਜ਼ਾਂ ਸੁੱਟਣ ਵਿੱਚ ਵਾਧੇ ਕਾਰਨ ਜਾਂ ਤੂਫ਼ਾਨ ਕਰਕੇ ਰੁੱਖਾਂ ਨੂੰ ਨੁਕਸਾਨ ਕਾਰਨ ਕੂੜੇ ਨੂੰ ਚੁੱਕਣਾ। ਸਾਡੇ ਠੇਕੇਦਾਰ ਇਹਨਾਂ ਲਾਗਤਾਂ ਨੂੰ ਅਕਸਰ ਕਿਸੇ ਵਿਸ਼ੇਸ਼ ਉਦੇਸ਼ ਲਈ ਸਾਡੇ ਤੋਂ ਵਸੂਲਦੇ ਹਨ ਅਤੇ ਇਹ ਹਰ ਸਾਲ ਬਦਲ ਜਾਂਦੀਆਂ ਹਨ। ਅਸੀਂ ਤੁਹਾਡੀ ਰਿਹਾਇਸ਼ੀ ਥਾਂ ਬਾਰੇ ਸਾਡੀ ਜਾਣਕਾਰੀ ਦੇ ਆਧਾਰ 'ਤੇ, ਇਹਨਾਂ ਲਈ ਮੁਨਾਸਬ ਅਨੁਮਾਨਿਤ ਖਰਚਾ ਵਸੂਲਣ ਦੀ ਆਪਣੀ ਪੂਰੀ ਕੋਸ਼ਿਸ਼ ਕਰਾਂਗੇ।

## ਮੇਰੇ ਸੇਵਾ ਖਰਚੇ ਇੰਨੇ ਜ਼ਿਆਦਾ ਕਿਉਂ ਹਨ?

ਅਸੀਂ ਜਿਹੜੀਆਂ ਸੇਵਾਵਾਂ ਲਈ ਭੁਗਤਾਨ ਕਰਦੇ ਹਾਂ, ਉਹਨਾਂ ਦੀਆਂ ਕੀਮਤਾਂ ਹਾਲ ਹੀ ਦੇ ਸਾਲਾਂ ਵਿੱਚ ਕਾਫ਼ੀ ਜ਼ਿਆਦਾ ਵੱਧ ਗਈਆਂ ਹਨ ਕਿਉਂਕਿ ਸਾਡੀ ਸਪਲਾਈ ਚੇਨ ਦੀਆਂ ਲਾਗਤਾਂ ਵੱਧ ਗਈਆਂ ਹਨ ਅਤੇ ਗੈਸ ਅਤੇ ਬਿਜਲੀ ਦੀ ਲਾਗਤ ਵਿੱਚ ਵਾਧਾ ਹੋਇਆ ਹੈ। ਇਹ ਸਾਡੇ ਨਿਯੰਤ੍ਰਣ ਤੋਂ ਬਾਹਰ ਹੈ, ਅਤੇ ਸਾਨੂੰ ਇਹ ਲਾਗਤਾਂ ਬਦਲੇ ਵਿੱਚ ਤੁਹਾਡੇ ਤੋਂ ਵਸੂਲਣੀਆਂ ਹੁੰਦੀਆਂ ਹਨ। ਅਸੀਂ ਇਹਨਾਂ ਸੇਵਾਵਾਂ ਦਾ ਪ੍ਰਬੰਧ ਕਰਨ ਦੀਆਂ ਲਾਗਤਾਂ ਨੂੰ ਮੁੜ-ਲਗਾਉਣ ਤੋਂ ਇਲਾਵਾ ਇਸ ਵਿੱਚ ਹੋਰ ਕੁਝ ਨਹੀਂ ਜੋੜਦੇ ਹਾਂ ਅਤੇ ਅਸੀਂ ਸੇਵਾ ਖਰਚਿਆਂ ਵਿੱਚ ਕੋਈ ਮੁਨਾਫ਼ਾ ਨਹੀਂ ਕਮਾਉਂਦੇ ਅਤੇ ਸਿਰਫ਼ ਆਪਣੀ ਲਾਗਤਾਂ ਹੀ ਵਸੂਲਦੇ ਹਾਂ।

ਅਸੀਂ ਜਾਣਦੇ ਹਾਂ ਕਿ ਹਰ ਕਿਸੇ ਲਈ ਰਹਿਣ-ਸਹਿਣ ਦੀ ਲਾਗਤ ਵੱਧ ਹੈ ਅਤੇ ਜੇ ਤੁਹਾਨੂੰ ਮਦਦ ਚਾਹੀਦੀ ਹੈ ਤਾਂ ਅਸੀਂ ਹਾਜ਼ਰ ਹੁੰਦੇ ਹਾਂ। ਜੇ ਤੁਸੀਂ ਵਿੱਤੀ ਤੌਰ 'ਤੇ ਜੱਦੋ-ਜਹਿਦ ਕਰ ਰਹੇ ਹੋ ਤਾਂ ਸਾਡੀ ਟੇਨੇਂਸੀ ਸਸਟੇਨਮੈਂਟ ਟੀਮ ਤੁਹਾਨੂੰ ਮਦਦ ਅਤੇ ਸਲਾਹ ਪ੍ਰਦਾਨ ਕਰ ਸਕਦੀ ਹੈ। ਤੁਸੀਂ ਹੋਰ ਜ਼ਿਆਦਾ ਜਾਣਕਾਰੀ ਲਈ ਉਹਨਾਂ ਨਾਲ ਇੱਥੇ ਸੰਪਰਕ ਕਰ ਸਕਦੇ ਹੋ।

www.pahousing.co.uk/heretohelp

## ਮੇਰਾ ਸੇਵਾ ਖਰਚਾ ਮੇਰੇ ਗੁਆਂਢੀ ਨਾਲੋਂ ਵੱਖਰਾ ਕਿਉਂ ਹੈ?

ਅਕਸਰ, ਤੁਸੀਂ ਆਪਣੀ ਰਿਹਾਇਸ਼ੀ ਥਾਂ 'ਤੇ ਹਰ ਚੀਜ਼ ਦੇ ਇੱਕ ਹਿੱਸੇ ਦਾ ਭੁਗਤਾਨ ਕਰਦੇ ਹੋ ਭਾਵੇਂ ਤੁਸੀਂ ਉਹਨਾਂ ਵਿੱਚ ਕੁਝ ਸੇਵਾਵਾਂ ਦੀ ਵਿਅਕਤੀਗਤ ਤੌਰ 'ਤੇ ਵਰਤੋਂ ਨਹੀਂ ਵੀ ਕਰਦੇ ਹੋ। ਉਦਾਹਰਨ ਲਈ, ਤੁਸੀਂ ਲਿਫ਼ਟ ਦੇ ਰੱਖ-ਰਖਾਅ ਲਈ ਤਾਂ ਵੀ ਭੁਗਤਾਨ ਕਰਦੇ ਹੋ ਜੇ ਤੁਸੀਂ ਆਪਣੀ ਬਿਲਡਿੰਗ ਵਿੱਚ ਕਦੇ ਵੀ ਲਿਫ਼ਟ ਦੀ ਵਰਤੋਂ ਨਹੀਂ ਕਰਦੇ ਹੋ ਜਾਂ ਤੁਸੀਂ ਗ੍ਰਾਊਂਡ ਫਲੋਰ 'ਤੇ ਰਹਿੰਦੇ ਹੋ।

ਅਜਿਹੇ ਮੌਕੇ ਵੀ ਆ ਸਕਦੇ ਹਨ ਜਿੱਥੇ ਤੁਹਾਡੀ ਲੀਜ਼ ਜਾਂ ਕਿਰਾਏਦਾਰੀ ਦੇ ਸਮਝੌਤੇ ਵਿੱਚ ਇਹ ਲਿਖਿਆ ਹੁੰਦਾ ਹੈ ਕਿ ਤੁਹਾਨੂੰ ਵੱਖਰੀ ਰਕਮ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ।

## ਤੁਸੀਂ ਮੇਰੀ ਰਿਹਾਇਸ਼ੀ ਥਾਂ 'ਤੇ ਬਿਜਲੀ ਦੀਆਂ ਲਾਗਤਾਂ ਲਈ ਮੈਨੂੰ ਕਿਵੇਂ ਖਰਚਾ ਪਾਉਂਦੇ ਹੋ?

ਤੁਹਾਡੀ ਰਿਹਾਇਸ਼ੀ ਥਾਂ 'ਤੇ ਨਿਰਭਰ ਕਰਕੇ, ਤੁਹਾਨੂੰ ਜਨਤਕ ਬਿਜਲੀ ਲਾਗਤਾਂ ਅਤੇ ਤੁਹਾਡੇ ਆਪਣੇ ਘਰ ਲਈ ਨਿੱਜੀ ਤਾਪ ਜਾਂ ਗਰਮ ਪਾਣੀ, ਜਾਂ ਦੋਹਾਂ ਲਈ ਖਰਚਾ ਪਾਇਆ ਜਾ ਸਕਦਾ ਹੈ।

ਜਨਤਕ ਖਰਚਿਆਂ ਵਿੱਚ ਰੋਸ਼ਨੀ, ਤਾਪ ਅਤੇ ਲਿਫ਼ਟਾਂ ਨੂੰ ਸਪਲਾਈ ਹੋਣ ਵਾਲੀ ਬਿਜਲੀ, ਡੋਰ ਐਂਟ੍ਰੀ ਸਿਸਟਮ ਅਤੇ ਫਾਯਰ ਅਲਾਰਮ ਅਤੇ ਹੋਰ ਉਪਕਰਨ ਨੂੰ ਬਿਜਲੀ ਸਪਲਾਈ ਕਰਨ ਦੀਆਂ ਲਾਗਤਾਂ ਸ਼ਾਮਲ ਹਨ। ਅਸੀਂ ਮਿਆਰੀ ਖਪਤ ਯੂਨਿਟ, ਜਿਸ ਨੂੰ ਕਿਲੋਵਾਟ ਘੰਟੇ ਕਿਹਾ ਜਾਂਦਾ ਹੈ, ਅਤੇ ਸਾਡੇ ਵਲੋਂ ਭੁਗਤਾਨ ਕੀਤੇ ਯੂਨਿਟ ਮੁੱਲ ਅਤੇ ਕਿਸੇ ਸਥਿਰ ਖਰਚਿਆਂ ਦੇ ਨਾਲ ਮਿਲਾ ਕੇ ਹਰ ਸਾਲ ਲਈ ਅਨੁਮਾਨਿਤ ਵਰਤੋਂ ਦੇ ਆਧਾਰ 'ਤੇ ਇਸਦਾ ਖਰਚਾ ਵਸੂਲਦੇ ਹਾਂ।

ਜਦੋਂ ਅਸੀਂ ਇੱਕ ਤਾਪ ਨੈੱਟਵਰਕ ਦੁਆਰਾ ਤੁਹਾਨੂੰ ਤਾਪ ਅਤੇ ਗਰਮ ਪਾਣੀ ਪ੍ਰਦਾਨ ਕਰਦੇ ਹਾਂ, ਤਾਂ ਅਸੀਂ ਵਰਤੋਂ ਅਤੇ ਯੂਨਿਟ ਮੁੱਲ ਦੇ ਆਧਾਰ 'ਤੇ ਸਮੁੱਚੇ ਖਰਚੇ ਨੂੰ ਦੁਬਾਰਾ ਗਿਣਦੇ ਹਾਂ। ਤੁਹਾਡੀ ਰਿਹਾਇਸ਼ ਵਾਲੀ ਥਾਂ 'ਤੇ ਤਾਪ ਨੈੱਟਵਰਕ ਦੀ ਕਿਸਮ 'ਤੇ ਨਿਰਭਰ ਕਰਨ ਦਾ ਮਤਲਬ ਹੋਵੇਗਾ ਕਿ ਤੁਸੀਂ ਜਾਂ ਤਾਂ ਆਪਣੀ ਨਿੱਜੀ ਤੌਰ 'ਤੇ ਵਰਤੀ ਗਈ ਬਿਜਲੀ ਲਈ ਭੁਗਤਾਨ ਕਰਦੇ ਹੋ ਜੇਕਰ ਇੱਕ ਸਬ ਮੀਟਰ ਲਗਾਇਆ ਜਾਂਦਾ ਹੈ, ਜਾਂ ਫੇਰ ਤੁਸੀਂ ਸਮੁੱਚੀ ਲਾਗਤ ਦੇ ਇੱਕ ਕਿਸੇ ਹਿੱਸੇ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਬਦਕਿਸਮਤੀ ਨਾਲ, ਹਰ ਇਮਾਰਤ ਸਬ ਮੀਟਰਾਂ ਦੀ ਸਥਾਪਨਾ ਲਈ ਉਚਿਤ ਨਹੀਂ ਹੁੰਦੀ ਹੈ, ਅਤੇ ਇਸਦਾ ਮਤਲਬ ਹੈ ਕਿ ਤੁਹਾਡੇ ਭੁਗਤਾਨ ਕੀਤੇ ਹਿੱਸੇ ਵਿੱਚ ਤੁਹਾਡੇ ਵਲੋਂ ਅਸਲ ਵਿੱਚ ਵਰਤੀ ਗਈ ਬਿਜਲੀ ਨੂੰ ਨਹੀਂ ਦਰਸਾ ਸਕਦੀ। ਅਸੀਂ ਜਾਣਦੇ ਹਾਂ ਕਿ ਇਹ ਸ਼ਾਇਦ ਤੁਹਾਨੂੰ ਹਮੇਸ਼ਾ ਵਾਜਬ ਨਾ ਲੱਗਦਾ ਹੋਵੇ।

ਸਾਲ 2022 ਦੀ ਗਰਮੀ ਦੇ ਸੀਜ਼ਨ ਵਿੱਚ ਬਿਜਲੀ ਦੀਆਂ ਕੀਮਤਾਂ ਵਧਣ ਦੇ ਨਾਲ, ਅਸੀਂ ਸਰਕਾਰ ਵਲੋਂ ਛੋਟਾਂ ਪ੍ਰਾਪਤ ਕਰਨ ਦੇ ਯੋਗ ਹੋਏ ਸੀ। ਜਿੱਥੇ ਅਸੀਂ ਇਹ ਪ੍ਰਾਪਤ ਕੀਤੇ ਸਨ, ਸਾਨੂੰ ਅੰਤਲੇ ਉਪਭੋਗਤਾ ਵਜੋਂ ਤੁਹਾਡੇ ਤੋਂ ਇਹਨਾਂ ਨੂੰ ਅੱਗੇ ਵਸੂਲਣ ਦੀ ਬੰਦਸ਼ ਹੁੰਦੀ ਹੈ। ਇਹ ਉਦੋਂ ਹੋਵੇਗਾ ਜਦੋਂ ਸਾਡੇ ਵਲੋਂ ਛੋਟ ਸਮੇਤ ਭੁਗਤਾਨ ਕੀਤੀ ਕੀਮਤ, ਸਾਡੇ ਵਲੋਂ ਤੁਹਾਨੂੰ ਲਗਾਏ ਗਏ ਖਰਚਿਆਂ ਤੋਂ ਘੱਟ ਹੁੰਦੀ ਹੈ। ਜੇ ਇਹ ਤੁਹਾਨੂੰ ਪ੍ਰਭਾਵਿਤ ਕਰਦਾ ਹੋਵੇਗਾ, ਤਾਂ ਅਸੀਂ ਤੁਹਾਨੂੰ ਪਹਿਲਾਂ ਹੀ ਲਿਖਤ ਵਿੱਚ ਦੱਸ ਦਿਆਂਗੇ।

## ਮੈਨੂੰ ਕਿਵੇਂ ਪਤਾ ਲੱਗਦਾ ਹੈ ਕਿ ਮੇਰੀ ਸਟੇਟਮੈਂਟ 'ਤੇ ਸੇਵਾ ਖਰਚੇ ਦੇ ਸਿਰਲੇਖ ਵਿੱਚ ਕੀ ਕੁਝ ਸ਼ਾਮਲ ਹੈ?

ਤੁਸੀਂ ਸਾਡੀ ਵੈੱਬਸਾਈਟ 'ਤੇ ਖਰਚੇ ਦਾ ਵਰਣਨ ਪਤਾ ਲਗਾ ਸਕਦੇ ਹੋ।

## ਮੇਰੀ ਪ੍ਰਸ਼ਾਸਕੀ ਪ੍ਰਬੰਧਨ ਫੀਸ ਵਿੱਚ ਕੀ ਕੁਝ ਸ਼ਾਮਲ ਹੈ?

ਇਹ ਫੀਸ ਸਾਡੇ ਵਲੋਂ ਸੇਵਾ ਲਿੱਤੇ ਗਏ ਠੇਕੇਦਾਰਾਂ ਅਤੇ ਰੋਜ਼ਾਨਾ ਆਧਾਰ 'ਤੇ ਹੋਰ ਪ੍ਰਸ਼ਾਸਕੀ ਕਾਰਜਾਂ ਦਾ ਪ੍ਰਬੰਧ ਕਰਨ ਲਈ ਸਾਡੇ ਆਪਣੇ ਸਟਾਫ਼ ਦੀ ਲਾਗਤ ਨੂੰ ਕਵਰ ਕਰਦੀ ਹੈ।

ਇਸ ਵਿੱਚ ਸਾਡੇ ਠੇਕੇਦਾਰਾਂ ਦੀ ਨਿਗਰਾਨੀ ਕਰਨਾ ਸ਼ਾਮਲ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸਾਡੇ ਤੈਅ ਕੀਤੇ ਗਏ ਮਿਆਰਾਂ ਅਨੁਸਾਰ ਕੰਮ ਕਰ ਰਹੇ ਹਨ ਅਤੇ ਸਹਿਮਤੀ ਅਨੁਸਾਰ ਸੰਪੱਤੀਆਂ 'ਤੇ ਜਾ ਰਹੇ ਹਨ। ਇਸ ਵਿੱਚ ਪ੍ਰਸ਼ਾਸਕੀ ਕਾਰਜ ਵੀ ਸ਼ਾਮਲ ਹਨ ਜਿਵੇਂ ਕਿ ਉਹਨਾਂ ਨੂੰ ਭੁਗਤਾਨ ਕਰਨਾ ਅਤੇ ਇਹੋ ਜਿਹੇ ਕੰਮਾਂ 'ਤੇ ਹੋਰ ਜਾਂਚਾਂ ਜਿਵੇਂ ਕਿ ਇਹ ਯਕੀਨੀ ਬਣਾਉਣਾ ਕਿ ਉਹਨਾਂ ਨੇ ਸਹੀ ਬੀਮਾ ਕਰਾਇਆ ਹੋਇਆ ਹੈ।

ਇਹ ਫੀਸ ਤੁਹਾਡੇ ਵਲੋਂ ਆਮ ਸਵਾਲਾਂ ਦੇ ਜਵਾਬ ਦੇਣ ਦੀਆਂ ਲਾਗਤਾਂ, ਅਜਿਹੀਆਂ ਟੀਮਾਂ ਦੀਆਂ ਲਾਗਤਾਂ ਜੋ ਹਰ ਸਾਲ ਸੇਵਾ ਖਰਚਾ ਤਿਆਰ ਕਰਦੀਆਂ ਹਨ, ਲਾਗਤਾਂ ਦੀ ਨਿਗਰਾਨੀ ਕਰਦੀਆਂ ਹਨ, ਸਾਲ ਦੇ ਅੰਤ 'ਤੇ ਸਟੈਟਮੈਂਟਾਂ ਤਿਆਰ ਕਰਦੀਆਂ ਹਨ ਜਦੋਂ ਲੋੜ ਹੋਵੇ ਅਤੇ ਇਹ ਯਕੀਨੀ ਬਣਾਉਂਦੀਆਂ ਹਨ ਕਿ ਤੁਹਾਡੇ ਤੋਂ ਇਕੱਤਰ ਕੀਤੀ ਸਾਰੀ ਆਮਦਨੀ ਸਹੀ ਤਰੀਕੇ ਨਾਲ ਸਪੁਰਦ ਕੀਤੀ ਅਤੇ ਸੇਵਾਵਾਂ ਪ੍ਰਦਾਨ ਕਰਨ ਦੇ ਅਨੁਸਾਰ ਵਰਤੀ ਜਾਂਦੀ ਹੈ, ਨੂੰ ਕਵਰ ਕਰਦੀ ਹੈ। ਕਵਰ ਕੀਤੀਆਂ ਹੋਰ ਲਾਗਤਾਂ ਵਿੱਚ ਆਈਟੀ ਸੇਵਾਵਾਂ, ਮਨੁੱਖੀ ਸੰਸਾਧਨਾਂ ਅਤੇ ਸੇਵਾ ਖਰਚਿਆਂ ਨਾਲ ਸਬੰਧਤ ਕਾਨੂੰਨੀ ਸੇਵਾਵਾਂ ਦੀ ਵਿਵਸਥਾ ਸ਼ਾਮਲ ਹੁੰਦੀ ਹੈ।

ਜਦਕਿ ਇੱਥੇ ਇੱਕ ਮੈਨੇਜਿੰਗ ਏਜੰਟ ਹੈ ਜੋ ਆਪਣੇ ਖੁਦ ਦੇ ਠੇਕੇਦਾਰਾਂ ਦੀ ਵਰਤੋਂ ਕਰਦਾ ਹੈ, ਉਹ ਸਾਡੀ ਫੀਸ ਦੇ ਇਲਾਵਾ ਪ੍ਰਬੰਧਨ ਫੀਸ ਵੀ ਵਸੂਲ ਸਕਦੇ ਹਨ।

## ਸਕੀਮ, ਐਸਟੇਟ, ਅਤੇ ਬਲੌਕ ਕੀ ਹੈ?

ਸਕੀਮ ਸੰਪੱਤੀਆਂ ਦਾ ਉਹ ਸਮੂਹ ਹੈ ਜੋ ਸਮਾਨ ਸੇਵਾਵਾਂ ਸਾਂਝੀਆਂ ਕਰਦੀਆਂ ਹਨ। ਤੁਹਾਡੀ ਸਕੀਮ ਦਾ ਨਾਮ ਤੁਹਾਡੇ ਸੇਵਾ ਖਰਚੇ ਦੇ ਅਨੁਮਾਨ ਦੇ ਸਭ ਤੋਂ 'ਤੇ ਦਿੱਤਾ ਜਾਵੇਗਾ।

ਐਸਟੇਟ ਤੁਹਾਡੀ ਸਕੀਮ 'ਤੇ ਬਾਹਰੀ ਜਨਤਕ ਖੇਤਰ ਹੈ, ਇਸ ਵਿੱਚ ਸਾਡੇ ਵਲੋਂ ਰੱਖ-ਰਖਾਅ ਕੀਤੇ ਮੈਦਾਨ ਸ਼ਾਮਲ ਹਨ ਜਿਹਨਾਂ ਵਿੱਚ ਕਾਰ ਪਾਰਕ, ਖੇਡ ਦੇ ਖੇਤਰ ਅਤੇ ਹੋਰ ਬਾਹਰੀ ਥਾਂਵਾਂ ਸ਼ਾਮਲ ਹਨ।

ਬਲੌਕ ਇੱਕ ਭੌਤਿਕ ਇਮਾਰਤ ਹੈ ਜਿੱਥੇ ਤੁਸੀਂ ਰਹਿੰਦੇ ਹੋ, ਇਹ ਆਮ ਤੌਰ 'ਤੇ ਫਲੈਟਸ ਦਾ ਬਲੌਕ ਹੁੰਦਾ ਹੈ। ਇੱਕ ਬਲੌਕ ਵਿੱਚ ਕਿਸੇ ਵੀ ਸੰਖਿਆ ਵਿੱਚ ਵੱਖਰੇ-ਵੱਖਰੇ ਘਰ ਸ਼ਾਮਲ ਹੋ ਸਕਦੇ ਹਨ ਅਤੇ ਇੱਕ ਸਕੀਮ ਵਿੱਚ ਕਿਸੇ ਵੀ ਸੰਖਿਆ ਵਿੱਚ ਬਲੌਕ ਹੋ ਸਕਦੇ ਹਨ।

## ਮੈਂ ਆਪਣੇ ਸੇਵਾ ਖਰਚੇ ਦਾ ਭੁਗਤਾਨ ਕਿਵੇਂ ਕਰ ਸਕਦਾ/ਸਕਦੀ ਹਾਂ?

ਜੇ ਅਸੀਂ ਤੁਹਾਡੇ ਕਿਰਾਏ ਦੇ ਇਲਾਵਾ ਤੁਹਾਡੇ ਤੋਂ ਸੇਵਾ ਖਰਚਾ ਵਸੂਲ ਕਰਦੇ ਹਾਂ, ਤਾਂ ਇਹ ਸਾਡੇ ਵਲੋਂ ਤੁਹਾਨੂੰ ਭੇਜੇ ਗਏ ਕਾਗਜ਼ਾਂ 'ਤੇ ਦਿਖਾਇਆ ਜਾਵੇਗਾ। ਤੁਹਾਨੂੰ ਕੁੱਲ ਰਕਮ ਦਾ ਭੁਗਤਾਨ ਕਰਨ ਦੀ ਲੋੜ ਹੋਵੇਗੀ।

ਜੇ ਤੁਸੀਂ ਡਾਈਰੈਕਟ ਡੈਬਿਟ ਦੁਆਰਾ ਭੁਗਤਾਨ ਕਰਦੇ ਹੋ, ਤਾਂ ਅਸੀਂ ਤੁਹਾਡੇ ਡਾਈਰੈਕਟ ਡੈਬਿਟ ਨੂੰ ਸਵੈਚਲਿਤ ਢੰਗ ਨਾਲ ਨਵੇਂ ਖਾਤੇ ਨਾਲ ਬਦਲ ਦਿਆਂਗੇ।

ਜੇ ਤੁਸੀਂ ਲਾਭ ਪ੍ਰਾਪਤ ਕਰਦੇ ਹੋ, ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਲਾਭ ਪ੍ਰਦਾਤਾ ਨੂੰ ਭੁਗਤਾਨ ਕੀਤੀ ਜਾਣ ਵਾਲੀ ਨਵੀਂ ਰਕਮ ਬਾਰੇ ਦੱਸੋ। ਅਸੀਂ ਉਹਨਾਂ ਨੂੰ ਤੁਹਾਡੇ ਵਲੋਂ ਸੂਚਨਾ ਦਿਆਂਗੇ, ਪਰ ਤੁਹਾਡੇ ਵਲੋਂ ਵੀ ਅਜਿਹਾ ਕਰਨਾ ਹਮੇਸ਼ਾ ਵਧੀਆ ਹੁੰਦਾ ਹੈ।

ਸਾਰੇ ਸੇਵਾ ਖਰਚੇ ਲਾਭਾਂ ਲਈ ਯੋਗ ਨਹੀਂ ਹੁੰਦੇ ਹਨ। ਅਸੀਂ ਤੁਹਾਨੂੰ ਕਿਸੇ ਵੀ ਖਰਚਿਆਂ ਦੀ ਰਕਮ ਦੱਸਾਂਗੇ ਜੋ ਤੁਹਾਡੀ ਕਾਗਜ਼ੀ-ਕਾਰਵਾਈ ਲਈ ਯੋਗ ਨਹੀਂ ਹੁੰਦੇ ਹਨ, ਇਹਨਾਂ ਵਿੱਚ ਅਕਸਰ ਤੁਹਾਡੇ ਘਰ ਵਿੱਚ ਸਿੱਧੇ ਤੌਰ 'ਤੇ ਸਪਲਾਈ ਕੀਤਾ ਪਾਣੀ, ਗੈਸ, ਅਤੇ ਬਿਜਲੀ ਸ਼ਾਮਲ ਹੁੰਦੀ ਹੈ।

## ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਪ੍ਰਬੰਧ ਕੌਣ ਕਰ ਰਿਹਾ ਹੈ?

ਸਾਡੇ ਕੋਲ ਬਹੁਤ ਸਾਰੀਆਂ ਟੀਮਾਂ ਹਨ ਜੋ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਪ੍ਰਬੰਧ ਕਰਨ ਵਿੱਚ ਇੱਕ-ਦੂਜੇ ਦੀ ਮਦਦ ਕਰਦੀਆਂ ਹਨ।

ਸਾਡੀ ਐਸਟੇਟ ਟੀਮ ਸਾਡੇ ਠੇਕੇਦਾਰਾਂ ਅਤੇ ਅੰਦਰੂਨੀ ਸਹਿ-ਕਰਮੀਆਂ ਦਾ ਪ੍ਰਬੰਧ ਕਰਦੀ ਹੈ ਜੋ ਤੁਹਾਡੀ ਰਿਹਾਇਸ਼ੀ ਥਾਂ 'ਤੇ ਗ੍ਰਾਊਂਡ ਦੇ ਰੱਖ-ਰਖਾਅ ਅਤੇ ਸਫ਼ਾਈ ਦਾ ਧਿਆਨ ਰੱਖਦੇ ਹਨ। ਉਹ ਯਕੀਨੀ ਬਣਾਉਂਦੇ ਹਨ ਕਿ ਠੇਕੇਦਾਰ ਅਜਿਹੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ ਜੋ ਉਹਨਾਂ ਨੂੰ ਕਰਨੀਆਂ ਚਾਹੀਦੀਆਂ ਹਨ ਅਤੇ ਨਿਯਮਿਤ ਨਿਰੀਖਣ ਕਰ ਰਹੇ ਹਨ।

ਸਾਡੇ ਨੇਬਰਹੁੱਡ ਕੋਆਰਡੀਨੇਟਰ ਅਕਸਰ ਬਾਹਰ ਤੁਹਾਡੀ ਰਿਹਾਇਸ਼ੀ ਥਾਂ 'ਤੇ ਹੁੰਦੇ ਹਨ ਅਤੇ ਤੁਹਾਡੇ ਸੇਵਾ ਖਰਚੇ ਬਾਰੇ ਸਵਾਲਾਂ ਦੇ ਜਵਾਬ ਦੇਣ ਦੇ ਯੋਗ ਹੋਣਗੇ। ਉਹ ਯਕੀਨੀ ਵੀ ਬਣਾਉਂਦੇ ਹਨ ਕਿ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਤੁਹਾਡੀਆਂ ਉਮੀਦਾਂ ਨੂੰ ਪੂਰਾ ਕਰਦੀਆਂ ਹਨ ਅਤੇ ਜੇਕਰ ਕੋਈ ਸਮੱਸਿਆ ਹੁੰਦੀ ਹੈ ਤਾਂ ਸਾਡੀਆਂ ਦੂਜੀਆਂ ਅੰਦਰੂਨੀ ਟੀਮਾਂ ਦੇ ਨਾਲ ਸੰਪਰਕ ਕਰਨਗੇ।

ਸਾਡੀ ਸਰਵਿਸ ਚਾਰਜ ਟੀਮ ਸਾਡੇ ਦਫ਼ਤਰਾਂ ਵਿੱਚ ਹੈ ਅਤੇ ਇਹ ਸਾਲ ਦੀ ਸ਼ੁਰੂਆਤ 'ਤੇ ਸੇਵਾ ਖਰਚੇ ਦੇ ਅਨੁਮਾਨਾਂ ਦਾ ਨਿਰਧਾਰਨ ਕਰਨ, ਲਾਗਤਾਂ ਦੀ ਨਿਗਰਾਨੀ ਕਰਨ ਅਤੇ ਸਾਲ ਦੇ ਖਤਮ ਹੁੰਦਿਆਂ ਸਟੇਟਮੈਂਟ ਤਿਆਰ ਕਰਨ ਲਈ ਜ਼ਿੰਮੇਵਾਰ ਹੁੰਦੀ ਹੈ ਜੇਕਰ ਤੁਸੀਂ ਬਦਲਣਹਾਰ ਖਰਚੇ ਦਾ ਭੁਗਤਾਨ ਕਰਦੇ ਹੋ। ਉਹ ਤੁਹਾਡੇ ਖਰਚਿਆਂ ਨਾਲ ਜੁੜੇ ਕਿਸੇ ਤਕਨੀਕੀ ਸਵਾਲਾਂ ਦੇ ਜਵਾਬ ਦੇਣ ਲਈ ਉਪਲਬਧ ਹੁੰਦੇ ਹਨ।

## ਜੇ ਮੈਨੂੰ ਲੱਗਦਾ ਹੈ ਕਿ ਮੈਨੂੰ ਉਸ ਸੇਵਾ ਲਈ ਖਰਚਾ ਪਾਇਆ ਜਾ ਰਿਹਾ ਹੈ ਜੋ ਮੈਂ ਪ੍ਰਾਪਤ ਨਹੀਂ ਕਰਦਾ/ਕਰਦੀ ਹਾਂ, ਜਾਂ ਸੇਵਾ ਉਮੀਦ ਅਨੁਸਾਰ ਨਹੀਂ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਅਸੀਂ ਜਾਣਦੇ ਹਾਂ ਕਿ ਸਾਡੇ ਤੋਂ ਭੁੱਲ-ਚੁੱਕ ਹੋ ਜਾਂਦੀ ਹੈ ਅਤੇ ਜੇਕਰ, ਕਿਸ ਮੌਕੇ 'ਤੇ, ਤੁਸੀਂ ਸਾਡੀਆਂ ਸੇਵਾਵਾਂ ਕਰਕੇ ਨਿਰਾਸ਼ ਮਹਿਸੂਸ ਕਰਦੇ ਹੋ, ਤਾਂ ਅਸੀਂ ਮੁਆਫ਼ੀ ਮੰਗਦੇ ਹਾਂ।

ਜੇਕਰ ਤੁਹਾਨੂੰ ਪ੍ਰਦਾਨ ਕੀਤੀ ਜਾ ਰਹੀ ਸੇਵਾ ਦੀ ਗੁਣਵੱਤਾ ਬਾਰੇ ਕੋਈ ਚਿੰਤਾ ਹੁੰਦੀ ਹੈ, ਤਾਂ ਸਾਡੀ ਐਸਟੇਟ ਟੀਮ ਅਤੇ ਨੇਬਰਹੁੱਡ ਕੋਆਰਡੀਨੇਟਰ ਇਸ ਨੂੰ ਬੇਹਤਰ ਬਣਾ ਸਕਣਗੇ।

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਅਜਿਹੀ ਕਿਸੇ ਚੀਜ਼ ਲਈ ਖਰਚਾ ਪਾਇਆ ਜਾ ਰਿਹਾ ਹੈ ਜੋ ਨਹੀਂ ਪਾਇਆ ਜਾਣਾ ਚਾਹੀਦਾ, ਤਾਂ ਤੁਹਾਡਾ ਨੇਬਰਹੁੱਡ ਕੋਆਡੀਨੇਟਰ ਤੁਹਾਡੇ ਨਾਲ ਇਸ ਬਾਰੇ ਗੱਲ ਕਰਨ ਦੇ ਯੋਗ ਹੋਵੇਗਾ, ਇਹ ਦੇਖਣ ਲਈ ਕਿ ਸਭ ਕੁਝ ਸਹੀ ਚੱਲ ਰਿਹਾ ਹੈ ਜਿਵੇਂ ਚੱਲਣਾ ਚਾਹੀਦਾ ਹੈ। ਜੇ ਸਾਨੂੰ ਪਤਾ ਲੱਗਦਾ ਹੈ ਕਿ ਤੁਹਾਡੇ ਖਰਚੇ ਵਿੱਚ ਕੋਈ ਤਰੁੱਟੀ ਹੈ, ਤਾਂ ਸਾਡੀ ਸਰਵਿਸ ਚਾਰਜ ਟੀਮ ਇਸ ਨੂੰ ਛੇਤੀ ਤੋਂ ਛੇਤੀ ਸਹੀ ਕਰੇਗੀ।

## ਮੈਂ ਆਪਣੇ ਸੇਵਾ ਖਰਚਿਆਂ ਬਾਰੇ ਰਸਮੀ ਸ਼ਿਕਾਇਤ ਕਿਵੇਂ ਕਰ ਸਕਦਾ/ਸਕਦੀ ਹਾਂ?

ਅਸੀਂ ਚਾਹੁੰਦੇ ਹਾਂ ਕਿ ਸਾਨੂੰ ਚੀਜ਼ਾਂ ਸਹੀ ਕਰਨ ਦਾ ਮੌਕਾ ਦਿੱਤਾ ਜਾਵੇ ਪਰ ਜੇ ਤੁਸੀਂ ਹਾਲੇ ਵੀ ਨਾਖੁਸ਼ ਹੋ, ਤਾਂ ਤੁਸੀਂ ਇਸ ਬਾਰੇ ਵੇਰਵੇ ਇੱਥੇ ਪਤਾ ਲਗਾ ਸਕਦੇ ਹੋ ਕਿ ਕੋਈ ਸ਼ਿਕਾਇਤ ਕਿਵੇਂ ਕਰਨੀ ਹੈ।

www.pahousing.co.uk/complaints

## ਜੇਕਰ ਮੇਰੇ ਕੋਲ ਮੇਰੇ ਸੇਵਾ ਖਰਚੇ ਬਾਰੇ ਕੋਈ ਸਵਾਲ ਹੁੰਦਾ ਹੈ ਤਾਂ ਮੈਂ PA 'ਤੇ ਕਿਸ ਨਾਲ ਸੰਪਰਕ ਕਰਾਂ?

ਪਹਿਲੀ ਵਾਰ ਵਿੱਚ, ਕਿਰਪਾ ਕਰਕੇ ਸਾਡੇ ਨਾਲ 0300 123 2221 'ਤੇ ਸੰਪਰਕ ਕਰੋ ਜਾਂ ਸਾਨੂੰ ਈਮੇਲ ਭੇਜੋ। ਅਸੀਂ ਯਕੀਨੀ ਬਣਾਵਾਂਗੇ ਕਿ ਤੁਹਾਡੇ ਸਵਾਲ ਨੂੰ ਸਹੀ ਟੀਮ ਕੋਲ ਪਹੁੰਚਾਇਆ ਜਾਵੇ।